## ਦਫ਼ਤਰ: ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਐਸ.ਏ.ਐਸ ਨਗਰ
## (ਵਜ਼ੀਫਾ ਸ਼ਾਖਾ)

ਸੇਵਾ ਵਿਖੇ

ਰਜਿਸਟਰਾਰ,

1. ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
4. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ।

ਮੀਮੋ ਨੰ : 8/3-2011 ਸਕਾ-3 (1)/575-578
ਮਿਤੀ, ਐਸ.ਏ.ਐਸ ਨਗਰ : ੧|੧|੨੧

ਵਿਸ਼ਾ:- ਰਾਜ ਯੋਗਤਾ ਵਜੀਫਾ ਸਕੀਮ ਸਟੇਟ ਮੈਰਿਟ/ਦੰਗਾ ਪੀੜ੍ਹਤ (ਨਾਨ ਪਲਾਨ) ਸਕਾਲਰਸਿਪ ਸਕੀਮ ਅਧੀਨ ਸਾਲ 2021-22 ਦੇ ਵਜੀਫਾ ਫਾਰਮ ਭੇਜਣ ਬਾਰੇ।

ਉਪਰੋਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਕਾਲਜਾਂ ਤੋਂ ਸਟੇਟ ਮੈਰਿਟ ਸਕਾਲਰਸਿਪ ਸਕੀਮ ਅਧੀਨ ਸਾਲ 2021-22 ਵਿਚ ਜਿਹੜੇ ਵਿੱਦਿਆਰਥੀਆਂ ਨੂੰ ਇਸ ਸਕੀਮ ਅਧੀਨ ਵਜੀਫਾ ਦਿੱਤਾ ਜਾਣਾ ਹੈ, ਉਨ੍ਹਾਂ ਦੇ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਵਿਭਾਗ ਦੀ ਈ-ਮੇਲ sch3merit@gmail.com ਤੇ ਮਿਤੀ 15.10.2021 ਤੱਕ (ਸਬੰਧਤ ਯੂਨੀਵਰਸਿਟੀ/ਬੋਰਡ ਰਾਹੀਂ) ਦਫਤਰ ਦੇ ਅਡਰੇਸ ਤੇ ਹਾਰਡ ਕਾਪੀਆਂ ਪੁੱਜਦੀਆਂ ਕੀਤੀਆਂ ਜਾਣ ਤਾਂ ਜੋ ਸਮੇਂ ਸਿਰ ਵਿੱਦਿਆਰਥੀਆਂ ਨੂੰ ਵਜੀਫੇ ਦਿੱਤੇ ਜਾ ਸਕਣ। ਇਹ ਧਿਆਨ ਦੇਣ ਯੋਗ ਹੈ ਕਿ ਸਟੇਟ ਮੈਰਿਟ ਸਕੀਮ ਅਧੀਨ ਪ੍ਰੋਫੈਸਲਨ ਕੋਰਸਾਂ ਨੂੰ ਵਜੀਫਾ ਨਹੀਂ ਦਿੱਤਾ ਜਾਂਦਾ।

ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਅਧੀਨ ਲਾਭ ਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਦੀ ਅਦਾਇਗੀ ਲਾਭ ਪਾਤਰੀਆਂ ਦੇ ਖਾਤਿਆਂ ਵਿਚ ਇਲੈਕਟ੍ਰਾਨਿਕਲੀ ਟਰਾਂਸਫਰ ਕਰਨਾ ਯਕੀਨੀ ਬਣਾਇਆ ਜਾਣਾ ਹੈ। ਇਸ ਲਈ ਵਿੱਦਿਆਰਥੀਆਂ ਦੇ ਫਾਰਮਾਂ ਵਿਚ ਸਹੀ ਬੈਂਕ ਅਕਾਊਂਟ ਨੰਬਰ ਚਾਲੂ ਹਾਲਤ ਵਿਚ, ਆਈ.ਐਫ.ਐਸ.ਸੀ ਕੋਡ, ਮੋਬਾਇਲ ਨੰਬਰ, ਈਮੇਲ, ਸਹੀ ਆਧਾਰ ਕਾਰਡ ਨੰ : ਅਤੇ ਪੱਕਾ ਅਡਰੇਸ ਦਰਜ ਕਰਨਾ ਯਕੀਨੀ ਬਣਾਇਆ ਜਾਵੇ। ਇਹ ਵੀ ਤਸਦੀਕ ਕੀਤਾ ਜਾਵੇ ਕਿ ਉਪਰੋਕਤ ਦਿੱਤੀ ਗਈ ਸਾਰੀ ਜਾਣਕਾਰੀ ਸਹੀ/ਦਰੁਸਤ ਹੈ।

ਉਪਰੋਕਤ ਤੋਂ ਬਿਨ੍ਹਾਂ ਵਿੱਦਿਆਰਥੀਆਂ ਦੇ ਫਾਰਮਾਂ ਨੂੰ ਵਜੀਫੇ ਲਈ ਵਿਚਾਰਿਆ ਨਹੀਂ ਜਾਵੇਗਾ। ਇਸ ਲਈ ਜਿੰਮੇਵਾਰੀ ਆਪ ਦੀ ਹੋਵੇਗੀ।

ਸਹਾਇਕ ਡਾਇਰੈਕਟਰ (ਵਜ਼ੀਫਾ)

ਪਿੱਠ ਅੰਕਣ ਨੰ : 8/3-2011 ਸਕਾ-3(1)/579 ਮਿਤੀ,ਐਸ.ਏ.ਐਸ ਨਗਰ :

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ/ਯੂਨੀਵਰਸਿਟੀਆਂ ਦੇ ਨੋਡਲ ਅਫਸਰਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਸਰਕਾਰ/ਪ੍ਰਾਈਵੇਟ ਏਡਿਡ ਕਾਲਜਾਂ, ਅਣ-ਏਡਿਡ ਕਾਲਜਾਂ/ਯੂਨੀਵਰਸਿਟੀਆਂ ਦੇ ਯੋਗ ਵਿੱਦਿਆਰਥੀਆਂ ਦੇ ਵਜੀਫਾ ਫਾਰਮ ਸਬੰਧਤ ਯੂਨੀਵਰਸਿਟੀਆਂ/ਬੋਰਡ ਰਾਹੀਂ ਇਸ ਵਿਭਾਗ ਨੂੰ ਮਿਤੀ 15.10.2021 ਤੋਂ ਪਹਿਲਾਂ ਪਹਿਲਾਂ ਭੇਜਣੇ ਯਕੀਨੀ ਬਣਾਏ ਜਾਣ।

ਸਹਾਇਕ ਡਾਇਰੈਕਟਰ (ਵਜ਼ੀਫਾ)